ਪੜ੍ਹੋ ਪੰਜਾਬ

ਪ੍ਰੀ-ਪ੍ਰਾਇਮਰੀ ਸ਼੍ਰੇਣੀਆਂ ਲਈ

ਪੜ੍ਹਾਓ ਪੰਜਾਬ

# ਗੁੱਲੂ ਦਾ ਗਜ਼ਬ ਪਟਾਰਾ!



ਸਕੂਲ ਸਿੱਖਿਆ ਵਿਭਾਗ, ਪੰਜਾਬ

ਪੜ੍ਹੋ ਪੰਜਾਬ ਪੜ੍ਹਾਓ ਪੰਜਾਬ


ਪ੍ਰੀ-ਪ੍ਰਾਇਮਰੀ ਸ਼੍ਰੇਣੀਆਂ ਲਈ

# ਗੁੱਲੂ ਦਾ ਗਜ਼ਬ ਪਟਾਰਾ!


ਲੇਖਕ
ਅਨੁਪਮਾ ਅਜਿੰਕਿਆ ਆਪਤੇ

ਚਿੱਤਰ
ਅਨੁਪਮਾ ਅਜਿੰਕਿਆ ਆਪਤੇ

ਪੰਜਾਬੀ ਅਨੁਵਾਦ
ਪਵਨਦੀਪ ਕੌਰ




ਗੁੱਲੂ ਦੇ ਦਾਦਾ ਜੀ ਅਖ਼ਬਾਰ ਨਹੀਂ ਪੜ੍ਹ ਪਾ ਰਹੇ ਸਨ।
ਉਨ੍ਹਾਂ ਦੀ ਐਨਕ ਟੁੱਟ ਗਈ ਸੀ।




ਗੁੱਲੂ ਆਪਣਾ ਛੋਟਾ ਭੂਰਾ ਬਕਸਾ ਲੈਣ ਲਈ ਦੌੜਿਆ, ਜਿਸ ਵਿੱਚ
ਬਹੁਤ ਸਾਰੀਆਂ ਚੀਜ਼ਾਂ ਸਨ।

ਟੈਨ-ਟਨੈਂ!



ਵਾਹ! ਉਸ ਨੂੰ ਇਹ ਕੀ ਲੱਭਿਆ?
ਇੱਕ ਚਮਕਦਾਰ ਵੱਡਾ ਅਕਾਰ
ਦਿਖਾਉਣ ਵਾਲਾ ਸ਼ੀਸ਼ਾ!

ਜੇਕਰ ਤੁਸੀਂ ਇਸ ਵਿੱਚੋਂ ਦੇਖੋ,
ਤਾਂ ਸਭ ਕੁਝ ਵੱਡਾ-ਵੱਡਾ ਦਿਖਾਈ ਦਿੰਦਾ ਹੈ।



ਹੁਣ ਗੁੱਲੂ ਦੇ ਦਾਦਾ ਜੀ ਅਖ਼ਬਾਰ ਅਸਾਨੀ ਨਾਲ਼
ਪੜ੍ਹ ਸਕਦੇ ਹਨ।



ਗੁੱਲੂ ਦੇ ਮੰਗਲ ਚਾਚਾ ਨੂੰ ਰਸੋਈ ਵਿੱਚ ਕੋਈ ਮੁਸ਼ਕਿਲ ਹੈ।
ਉਨ੍ਹਾਂ ਨੇ ਪੈਕਟ ਵਿੱਚੋਂ ਤੇਲ ਕੱਢਣਾ ਹੈ। ਪਰ ਬੋਤਲ ਦੀ ਗਰਦਨ ਬਹੁਤ ਛੋਟੀ ਹੈ।


ਟੈਨ-ਟਨੈਂ!




ਆਓ ਦੇਖੀਏ, ਇਸ ਵਾਰ ਗੁੱਲੂ ਨੂੰ ਕੀ ਲੱਭਿਆ!



ਇੱਕ ਵੱਡੇ-ਚੌੜੇ ਮੂੰਹ ਵਾਲੀ ਕੀਪ!
ਇਹਦੇ ਖੁੱਲ੍ਹੇ ਸਿਰੇ ਤੋਂ ਤੇਲ ਪਾਉ ਅਤੇ ਤੇਲ ਅਸਾਨੀ ਨਾਲ਼
ਬੋਤਲ ਵਿੱਚ ਭਰ ਜਾਵੇਗਾ।



ਮੰਗਲ ਚਾਚਾ ਨੇ ਕੀਪ ਲਈ ਗੁੱਲੂ ਦਾ ਧੰਨਵਾਦ ਕੀਤਾ।




ਗੁੱਲੂ ਦੇ ਦਾਦੀ ਜੀ ਦੀ ਸੂਈ ਫ਼ਰਸ਼ ’ਤੇ ਡਿੱਗ ਗਈ ਅਤੇ ਗੁੰਮ ਗਈ ਹੈ।




ਟੈਨ-ਟਨੈਂ! ਇਸ ਵਾਰ ਉਸਨੂੰ ਕੀ ਲੱਭਿਆ? ਇੱਕ ਚੁੰਬਕ!

ਲੋਹਾ ਇਸ ਨੂੰ ਚਿਪਕ ਜਾਂਦਾ ਹੈ।




ਦਾਦੀ ਜੀ ਦੀ ਸੂਈ ਚੁੰਬਕ ਨੂੰ ਚਿਪਕ ਗਈ।
ਗੁੱਲੂ ਦਾ ਭੂਰਾ ਬਕਸਾ ਬਹੁਤ ਹੀ ਵਧੀਆ ਹੈ, ਹੈ ਨਾ?

ਗੁੱਲੂ ਕੋਲ ਇੱਕ ਗਜ਼ਬ ਦਾ ਬਕਸਾ ਹੈ, ਜਿਸ ਵਿੱਚੋਂ ਤਰ੍ਹਾਂ-ਤਰ੍ਹਾਂ ਦੀਆਂ ਚੀਜ਼ਾਂ ਨਿੱਕਲ ਕੇ ਆਉਂਦੀਆਂ ਹਨ, ਪਰ ਗੁੱਲੂ ਇਹਨਾਂ ਸਭ ਚੀਜ਼ਾਂ ਦਾ ਕਰਦਾ ਕੀ ਹੈ? ਚੱਲੋ ਪਤਾ ਕਰੀਏ ਅਤੇ ਫਿਰ ਸ਼ਾਇਦ ਤੁਸੀਂ ਵੀ ਬਣਾਉਣਾ ਚਾਹੋਂ ਆਪਣੇ ਲਈ ਅਜਿਹਾ ਬਕਸਾ।

***Gullu da Gazab Patara*** (Punjabi), translated by Pawandeep Kaur, text and illustrations adapted from original story ***Gulli's Box of Things*** (English), written and illustrated by Anupama Ajinkya Apte, published by Pratham Books (© Pratham Books, 2012) under a CC BY 4.0 license on StoryWeaver. Read, create and translate stories for free on www.storyweaver.org.in

PRATHAM BOOKS
storyweaver

StoryWeaver is a digital repository of multilingual stories for children from Pratham Books. Now, every child can have access to an endless stream of stories in her mother tongue to read and enjoy.

PRATHAM BOOKS
A Book in Every Child's Hand

Pratham Books is a not-for-profit organization that publishes books in multiple Indian languages to promote reading among children.

PRATHAM

Pratham is an innovative learning organization created to improve the quality of education in India.

ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ ਨਗਰ, ਮੁਹਾਲੀ